# ਪ੍ਰੈਸ ਨੋਟ

ਮਾਨਯੋਗ ਸ਼੍ਰੀ ਅਰਪਿਤ ਸ਼ੁਕਲਾ ਆਈ.ਪੀ.ਐਸ ਆਈ.ਜੀ.ਪੀ ਸਾਹਿਬ ਜਲੰਧਰ ਜੋਨ , ਸ਼੍ਰੀ ਮਾਨਯੋਗ ਜਸਕਰਨ ਸਿੰਘ ਆਈ.ਪੀ.ਐਸ ਡੀ.ਆਈ.ਜੀ ਸਾਹਿਬ ਜਲੰਧਰ ਰੇਂਜ ਜਲੰਧਰ ਜੀ ਦੀਆ ਹਦਾਇਤਾਂ ਅਨੁਸਾਰ ਸ਼੍ਰੀ ਜੇ.ਇਲਨਚੇਲੀਅਨ. ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਜੀ ਵੱਲੋ ਦਿੱਤੇ ਗਏ ਦਿਸ਼ਾ ਨਿਰਦੇਸ਼ ਅਨੁਸਾਰ ਸ਼੍ਰੀ ਹਰਪ੍ਰੀਤ ਸਿੰਘ ਮੰਡੇਰ ਪੀ.ਪੀ.ਐਸ ਪੁਲਿਸ ਕਪਤਾਨ ਤਫਤੀਸ਼ ਦੀ ਨਿਗਰਾਨੀ ਹੇਠ ਜਿਲ੍ਹਾ ਹੁਸ਼ਿਆਰਪੁਰ ਵਿੱਚ ਸਪੈਸ਼ਲ ਨਾਕਾਬੰਦੀ ਕੀਤੀ ਗਈ।ਜੋ ਦੋਰਾਨੇ ਨਾਕਾਬੰਦੀ ਥਾਣਾ ਹਰਿਆਣਾ ਦੇ ਇਲਾਕਾ ਵਿੱਚ ਸੁਪਾਰੀ ਕਿਲਰ ਗੈਂਗਸਟਰ ਰਾਜੀਵ ਰਾਜਾ ਗੈਂਗ ਦੇ 8 ਮੈਂਬਰਾ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ।

ਸ਼੍ਰੀ ਜਸਕਰਨ ਸਿੰਘ ਆਈ.ਪੀ.ਐਸ ਡੀ.ਆਈ.ਜੀ ਸਾਹਿਬ ਜਲੰਧਰ ਰੇਂਜ ਜਲੰਧਰ ਜੀ ਨੇ ਪ੍ਰੈਸ ਕਾਂਨਫਰੰਸ ਰਾਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੀ ਯਾਦਵਿੰਦਰ ਸਿੰਘ ਮੁੱਖ ਅਫਸਰ ਥਾਣਾ ਹਰਿਆਣਾ ਨੇ ਸਮੇਤ ਪੁਲਿਸ ਪਾਰਟੀ ਚੋਰਸਤਾ ਢੋਲਬਾਹਾ ਵਿਖੇ ਨਾਕਾਬੰਦੀ ਦੋਰਾਨ ਇੱਕ ਕਾਰ ਵਰਨਾ ਨੰਬਰੀ ਪੀ.ਬੀ 10 ਸੀ.ਜੇ 4646 ਰੰਗ ਚਿੱਟਾ ਨੂੰ ਰੁਕਣ ਦਾ ਇਸ਼ਾਰਾ ਕੀਤਾ ਕਾਰ ਚਾਲਕ ਨੇ ਗੱਡੀ ਰੋਕਣ ਦੀ ਬਿਜਾਏ ਹੋਰ ਤੇਜ ਕਰ ਲਈ ਅਤੇ ਕਾਰ ਚਾਲਕ ਨੇ ਮਾਰ ਦੇਣ ਦੀ ਨਿਯਤ ਨਾਲ ਆਪਣੀ ਕਾਰ ਪੁਲਿਸ ਮੁਲਾਜਮਾ ਤੇ ਚੜਾਉਣ ਦੀ ਕੋਸ਼ਿਸ਼ ਕੀਤੀ ਅਤੇ ਕਾਰ ਬੇਕਾਬੂ ਹੋ ਕੇ ਖੱਬੇ ਪਾਸੇ ਝਾੜਿਆਂ ਵਿੱਚ ਵੜ ਕੇ ਰੁੱਕ ਗਈ ਤਾਂ ਸ਼ੱਕ ਦੀ ਬਿਨ੍ਹਾ ਪਰ ਕਾਰ ਚਾਲਕ ਤੇ ਉਸ ਦੇ ਤਿੰਨ ਹੋਰ ਸਾਥੀਆਂ ਨੂੰ ਕਾਬੂ ਕਰਕੇ ਨਾਮ ਪਤਾ ਪੁਛਿਆਂ ਤਾਂ ਕਾਰ ਚਾਲਕ ਨੇ ਆਪਣਾ ਨਾਮ ਅਮ੍ਰਿੰਤ ਸਿੰਘ ਉਰਫ **ਅਮ੍ਰਿਤ ਸਿੰਘ ਉਰਫ ਅਮ੍ਰਿਤ ਪੁੱਤਰ ਜਤਿੰਦਰ ਸਿੰਘ ਕੌਮ ਮਜ਼ਬੀ ਸਿੱਖ ਵਾਸੀ ਮਕਾਨ ਤੇ ਗਲੀ ਨੰਬਰ 9 ਮੁਹਲਾ ਨਿਊ ਕੁੰਦਨਪੁਰੀ ਲੁਧਿਆਣਾ, ਉਸ ਦੀ ਨਾਲ ਵਾਲੀ ਸੀਟ ਪਰ ਬੈਠੇ ਨੋਜਵਾਨ ਨੇ ਆਪਣਾ ਨਾਮ ਸਤਨਾਮ ਸਿੰਘ ਉਰਫ ਕਰੋੜੀ ਪੁੱਤਰ ਸ਼ਮਸ਼ੇਰ ਸਿੰਘ ਕੌਮ ਜੱਟ ਵਾਸੀ ਲੌਂਗੋਵਾਲ ਜਿਲਾ ਸੰਗਰੂਰ, ਕਾਰ ਦੇ ਪਿਛਲੀ ਸੀਟ ਪਰ ਬੈਠੇ ਨੋਜਵਾਨਾ ਨੇ ਆਪਣਾ ਨਾਮ ਜਤਿੰਦਰ ਸਿੰਘ ਉਰਫ ਸ਼ੇਰੂ ਪੁੱਤਰ ਕਰਨਜੀਤ ਕੌਮ ਬਾਲਮੀਕ ਵਾਸੀ ਪਿੰਡ ਅੰਬਗੜ੍ਹ ਥਾਣਾ ਕਰਤਾਰਪੁਰ ਜਿਲਾ ਜਲੰਧਰ(ਦਿਹਾਤੀ) ਅਤੇ ਸ਼ੁਭੰਮ ਉਰਫ ਬੰਬ ਪੁੱਤਰ ਰਜੇਸ਼ ਕੁਮਾਰ ਕੌਮ ਬ੍ਰਾਹਮਣ ਵਾਸੀ ਲਾਡੋਵਾਲ ਥਾਣਾ ਲਾਡੋਵਾਲ ਜਿਲ੍ਹਾ ਲੁਧਿਆਣਾ ਦੱਸਿਆ ਉਕਤ ਦੋਸ਼ੀਆਨ ਦੀ ਤਲਾਸ਼ੀ ਸ਼੍ਰੀ ਹਰਜਿੰਦਰ ਸਿੰਘ ਉਪ ਕਪਤਾਨ ਪੁਲਿਸ ਸਪੈਸ਼ਲ ਬ੍ਰਾਂਚ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਕੀਤੀ ਗਈ ਤਾਂ ਉਕਤ ਅਮ੍ਰਿਤ ਸਿੰਘ ਉਰਫ ਅਮ੍ਰਿਤ ਦੀ ਜਾਮਾ ਤਲਾਸੀ ਹਸਬ ਜਾਬਤਾ ਕਰਨ 210 ਗ੍ਰਾਮ ਨਸ਼ੀਲਾ ਪਾਉਡਰ ਬ੍ਰਾਮਦ ਹੋਇਆ, ਉਕਤ ਸਤਨਾਮ ਸਿੰਘ ਉਰਫ ਕਰੋੜੀ ਦੀ ਤਲਾਸੀ ਕਰਨ ਪਰ ਇੱਕ ਪਿਸਟਲ 32 ਬੋਰ ਸਮੇਤ ਮੈਗਜੀਨ ਸਮੇਤ 3 ਰੌਂਦ 32 ਬੋਰ ਜਿੰਦਾ ਬ੍ਰਾਮਦ ਹੋਏ ਅਤੇ 225 ਗ੍ਰਾਮ ਬ੍ਰਾਮਦ ਨਸ਼ੀਲਾ ਪਾਉਡਰ ਬ੍ਰਾਮਦ ਹੋਇਆ ਹੈ, ਜੋ ਉਕਤ ਕਾਰ ਨੰਬਰੀ ਤਸਦੀਕ ਕਰਨ ਪਰ ਇਸ ਦੀ ਨੰਬਰ ਪਲੇਟ ਵੀ ਜਾਹਲੀ ਪਾਈ ਗਈ ਅਤੇ ਜਿਸ ਦਾ ਅਸਲ ਰਜਿਸਟਰੇਸ਼ਨ ਨੰਬਰ PB-10-C.J-4698 ਹੈ। ਜਿਸ ਤੇ ਮੁਕੱਦਮਾ ਨੰਬਰ 114 ਮਿਤੀ 12-10-17 ਅਧੀਨ ਧਾਰਾ ਜੁਰਮ 307,482,115,120-ਬੀ,34 ਭ:ਦ 22-61-85 ND&PS ACT ਤੇ 25-54-59 ARMS ACT ਥਾਣਾ ਹਰਿਆਣਾ ਦਰਜ ਰਜਿਸਟਰ ਕੀਤਾ ਗਿਆ ਹੈ।**

ਦੋਰਾਨੇ ਤਫਤੀਸ਼ ਮਜੀਦ ਪੁੱਛ ਗਿੱਛ ਪਰ ਦੋਸ਼ੀ ਸਤਨਾਮ ਉਰਫ ਕਰੋੜੀ, ਅਮ੍ਰਿਤ ਸਿੰਘ ਉਰਫ ਅਮ੍ਰਿਤ ਅਤੇ ਸ਼ੁਭੰਮ ਉਰਫ ਬੰਬ ਨੇ ਦੱਸਿਆ ਕਿ ਰਾਜੀਵ ਰਾਜਾ ਪੁੱਤਰ ਰਾਮ ਪਾਲ ਵਾਸੀ ਮੁਹੱਲਾ ਤਾਜਗੰਜ ਜਿਲਾ ਲੁਧਿਆਣਾ, ਜੋ ਕਿ ਇਸ ਵਕਤ ਜਿਲ੍ਹਾ ਜੇਲ ਸੰਗਰੂਰ ਵਿਖੇ ਬੰਦ ਹੈ। ਉਸ ਨਾਲ ਉਹਨਾ ਦਾ ਮੋਬਾਇਲ ਫੋਨ ਰਾਹੀ ਸੰਪਰਕ ਹੁੰਦਾ ਹੈ ਅਤੇ ਦੋਸ਼ੀ ਸਤਨਾਮ ਸਿੰਘ ਦੇ ਨਾਲ ਜਿਲ੍ਹਾ ਜੇਲ ਸੰਗਰੂਰ ਵਿਖੇ ਬੰਦ ਰਿਹਾ ਹੈ ਅਤੇ ਉਸ ਨਾਲ ਮੁਲਾਕਾਤ ਤਰੀਕ ਪੇਸ਼ੀਆਂ ਪਰ ਅਦਾਲਤ ਵਿੱਚ ਜਾਣ ਸਮੇਂ ਹੁੰਦੀ ਰਹੀ ਹੈ। ਜੋ ਜੇਲ ਵਿੱਚੋ ਰਾਜੀਵ ਰਾਜਾ ਵੱਖ ਵੱਖ ਮੋਬਾਇਲ ਨੰਬਰਾਂ ਤੋ ਕਾਲਾ ਕਰਕੇ ਸਾਡੇ ਨਾਲ ਸੰਪਰਕ ਕਰਦਾ ਹੈ।

ਜੋ ਰਜੀਵ ਰਾਜਾ ਇਹ ਗੱਲ ਕਹਿੰਦਾ ਸੀ ਕਿ ਮੇਰੀ ਜੰਗ ਵਾਸੀ ਕਨੇਡਾ ਅਤੇ ਜੋਤੀ , ਪ੍ਰਿੰਸ ਵਾਸੀਆਨ ਖੁਰਦਾਂ ਨਾਲ ਡੀਲ ਹੋਈ ਹੈ। ਕਿ ਉਹਨਾ ਦੀ ਵਿਰੋਧੀ ਧਿਰ ਦੇ ਕਿਸੇ ਵੀ ਮੈਂਬਰ ਨੂੰ ਮਾਰ ਦੇਣ ਪਰ ਉਹ 35 ਲੱਖ ਰੁਪਏ ਦੇਣਗੇ ਜਿਸ ਵਿੱਚੋ ਪਹਿਲੀ ਕਿਸ਼ਤ 10 ਲੱਖ ਰੁਪਏ ਉਹਨਾ ਨੇ ਹਾਸਲ ਕਰ ਲਈ ਹੈ। ਜੋ ਇਹਨਾ ਪੈਸਿਆਂ ਵਿੱਚੋ 7 ਲੱਖ ਰੁਪਏ ਰਾਜੇ ਦਾ ਬੰਦਾ ਲੈ ਗਿਆ ਅਤੇ ਬਾਕੀ ਪੈਸੇ ਸਤਨਾਮ, ਅਮ੍ਰਿਤ ਅਤੇ ਸ਼ੁਭੰਮ ਨੇ ਆਪਸ ਵਿੱਚ ਵੰਡ ਲਏ ਸਨ। ਜੋ ਇਸ ਵਾਰਦਾਤ ਨੂੰ ਇੰਜਾਮ ਦੇਣ ਲਈ ਇਸ ਏਰੀਆ ਦੀ ਰੈਕੀ ਕਰਨ ਲਈ ਆਏ ਸੀ। ਇਹਨਾ ਦੇ ਤਿੰਨ ਸਾਥੀ ਚੇਤਨ ਸ਼ਰਮਾਂ ਉਰਫ ਚੀਨੂੰ ਪੁੱਤਰ ਸੁਭਾਸ਼ ਸ਼ਰਮਾ ਕੋਮ ਪੰਡਿਤ ਵਾਸੀ ਮੁਹੱਲਾ ਸਿਵਲ ਸਿਟੀ ਵਾਰਡ ਨੰਬਰ 31 ਮਕਾਨ ਨੰਬਰ ਬੀ 3450 77/1 ਥਾਣਾ ਡਵੀਜਨ ਨੰਬਰ 4 ਲੁਧਿਆਣਾ, ਹੇਮਾਂਕ ਪੁੱਤਰ ਹਰੀਸ਼ ਜੋਸ਼ੀ ਕੋਮ ਪੰਡਿਤ ਵਾਸੀ ਮੁਹੱਲਾ ਸਿਵਲ ਸਿੱਟੀ ਚੰਦਰ ਨਗਰ ਥਾਂਣਾ ਡਵੀਜਨ ਨੰਬਰ 4 ਲੁਧਿਆਣਾ ਅਤੇ ਤਜਿੰਦਰ ਸਿੰਘ ਉਰਫ ਹਨੀ ਉਰਫ ਭਿੰਦਾ ਪੁੱਤਰ ਮਿੱਠੂ ਸਿੰਘ ਕੋਮ ਜੱਟ ਵਾਸੀ ਲੋਂਗੋਵਾਲ ਜਿਲ੍ਹਾ ਸੰਗਰੂਰ ਨੇ ਇੱਕ ਵੱਖ ਸਕੂਟਰੀ ਪਰ ਸਵਾਰ ਹੋ ਕੇ ਇਸ ਏਰੀਆਂ ਵਿੱਚ ਰੈਕੀ ਕਰ ਰਹੇ ਸਨ। ਜਿਹਨਾ ਨੂੰ ਪੁਲਿਸ ਕਾਰਮਚਾਰੀਆਂ ਵੱਲੋ ਪੁੱਲ ਨਹਿਰ ਕਾਂਲਵਾਂ ਤੋ ਗ੍ਰਿਫਤਾਰ ਕੀਤਾ। ਉਕਤ ਹੇਮਾਂਕ ਦੀ ਤਲਾਸ਼ੀ ਕਰਨ ਪਰ ਉਸ ਪਾਸੋਂ ਇੱਕ ਪਿਸਤੋਲ ਦੇਸੀ 12 ਬੋਰ ਸਮੇਤ 3 ਕਾਰਤੂਸ 12 ਬੌਰ ਬ੍ਰਾਮਦ ਹੋਏ ਅਤੇ ਸਕੂਟਰੀ ਨੰਬਰ ਪੀ.ਬੀ 10 ਡੀ.ਜੇ 1579 ਮਾਰਕਾ ਐਕਟਵਾ ਰੰਗ ਚਿੱਟਾ ਬ੍ਰਾਮਦ ਹੋਈ। ਦੋਰਾਨੇ ਪੁੱਛ ਗਿੱਛ ਇਹ ਗੱਲ ਸਾਹਮਣੇ ਆਈ ਕੇ ਇਸ ਸਾਰੇ ਏਰੀਆਂ ਦੀ ਰੈਕੀ ਅਤਿੰਦਰਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਢੰਡਿਆਲਾ ਥਾਣਾ ਟਾਂਡਾ ਅਤੇ ਹਰਦੀਪ ਸਿੰਘ ਉਰਫ ਡੱਬੂ ਵਾਸੀ ਖੁਰਦਾਂ ਨੇ ਕਰਵਾਈ। ਜਿਸ ਵਿੱਚੋ ਅਤਿੰਦਰਪਾਲ ਸਿੰਘ ਨੂੰ ਬੈਲੀਨੋ ਕਾਰ ਸਮੇਤ ਅੱਡਾ ਭੀਖੋਵਾਲ ਤੋ ਪੁਲਿਸ ਕਰਮਚਾਰੀਆਂ ਨੇ ਗ੍ਰਿਫਤਾਰ ਕੀਤਾ। ਦੋਸ਼ੀ ਹਰਦੀਪ ਸਿੰਘ ਉਰੱਫ ਡੱਬੂ ਦੀ ਗ੍ਰਿਫਤਾਰੀ ਬਾਕੀ ਹੈ ਅਤੇ ਹੋਰ ਤਫਤੀਸ਼ ਜਾਰੀ ਹੈ। ਤਫਤੀਸ਼ ਦੋਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹਨਾ ਨੇ ਕੱਝ ਦਿਨ ਪਹਿਲਾ ਇੱਕ ਇਨੋਵਾ ਕਾਰ ਨੰਬਰੀ ਪੀ.ਬੀ 10 ਏ.ਐਫ 2668 ਜੋ ਲੁਧਿਆਣਾ ਤੋ ਕਿਰਾਏ ਪਰ ਲਿਆਦੀ ਸੀ। ਪਿੰਡ ਧੁਤਕਲਾਂ ਦੇ ਅੱਡੇ ਪਾਸ ਡਰਾਇਵਰ ਪਿਸ਼ਾਬ ਕਰਨ ਉੱਤਰਿਆ ਤਾਂ ਗੱਡੀ ਭਜਾ ਕੇ ਲੈ ਗਏ। ਜਿਸ ਸਬੰਧੀ ਮੁਕੱਦਮਾ ਨੰਬਰ 111 ਮਿਤੀ 01-10-17 ਅ/ਧ 379 ਭ.ਦ 25-54-59 ਆਰਮਜ ਐਕਟ ਥਾਣਾ ਹਰਿਆਣਾ ਦਰਜ ਹੈ। ਜੋ ਇਹ ਇਨੋਵਾ ਕਾਰ ਬਰਾਮਦ ਕੀਤੀ ਜਾ ਚੁੱਕੀ ਹੈ। ਜਿਹਨਾ ਦੋਸ਼ੀਆਨ ਦੇ ਖਿਲਾਫ ਪਹਿਲਾ ਵੀ ਮੁਕੱਦਮੇ ਦਰਜ ਹਨ। ਉਹਨਾ ਦੀ ਲਿਸਟ ਨਾਲ ਨੱਥੀ ਹੈ। ਦੋਸ਼ੀਆਨ ਨੂੰ ਅੱਜ ਪੇਸ਼ ਅਦਾਲਤ ਕੀਤਾ ਜਾ ਰਿਹਾ ਹੈ।

ਬ੍ਰਾਮਦਗੀ :-

1. ਨਸ਼ੀਲਾ ਪਾਉਡਰ = 435 ਗ੍ਰਾਮ
2. ਪਿਸਟਲ 32 ਬੌਰ = 1
3. ਰੌਦ 32 ਬੌਰ = (3+13=16)
4. ਪਿਸਤੋਲ 12 ਬੌਰ = 1
5. ਕਾਰਤੂਸ 12 ਬੌਰ = 3
6. ਕਾਰ ਵਰਨਾ
7. ਕਾਰ ਬੈਲੀਨੋ
8. ਕਾਰ ਇਨੋਵਾ
9. ਐਕਟੀਵਾ ਸਕੂਟਰੀ